ANNEXURE -A

## ਸਵੈ-ਘੋਸ਼ਣਾ

600 ਯੂਨਿਟ 2 ਮਹੀਨੇ ਲਈ / 300 ਯੂਨਿਟ ਪ੍ਰਤੀ ਮਹੀਨਾ ਤੋਂ ਵੱਧ ਖੱਪਤ ਵਾਲੇ ਐਸ.ਸੀ, ਬੀ.ਸੀ., ਨੋਨ ਐਸ.ਸੀ. / ਬੀ.ਸੀ. ਬੀ.ਪੀ.ਐਲ. ਅਤੇ ਪੰਜਾਬ ਰਾਜ ਦੇ ਫਰੀਡਮ ਫਾਈਟਰਜ਼ ਅਤੇ ਉਹਨਾਂ ਦੇ ਵਾਰਿਸਾਂ ਵੱਲੋਂ 600 ਯੂਨਿਟ 2 ਮਹੀਨੇ ਲਈ / 300 ਯੂਨਿਟ ਪ੍ਰਤੀ ਮਹੀਨਾ ਮੁਫਤ ਬਿਜਲੀ ਦੀ ਸਹੂਲਤ ਲੈਣ ਲਈ

1. ਇਹ ਕਿ ਮੈ ........................................... ਪੁੱਤਰ/ਪੁੱਤਰੀ/ਪਤਨੀ .................... ਵਾਸੀ .................................... ਪਿੰਡ/ ਸ਼ਹਿਰ .................... ਜਿਲ੍ਹਾ ...................... ਦਾ/ਦੀ ਵਸਨੀਕ ਹਾਂ ਅਤੇ ਹੇਠ ਲਿਖੇ ਅਨੁਸਾਰ ਸਵੈ-ਘੋਸ਼ਣਾ ਕਰਦਾ / ਕਰਦੀ ਹਾਂ।

2. ਇਹ ਕਿ ਮੈਂ ਐਸ.ਸੀ., ਬੀ.ਸੀ., ਨੋਨ ਐਸ.ਸੀ / ਬੀ.ਸੀ. ਬੀ.ਪੀ.ਐਲ. ਕੈਟਾਗਰੀ ਅਤੇ ਫਰੀਡਮ ਫਾਈਟਰ ਅਤੇ ਉਸਦੇ ਵਾਰਿਸ ਵਾਲੀ ਕੈਟਾਗਰੀ ਨਾਲ ਸਬੰਧ ਰੱਖਦਾ / ਰੱਖਦੀ ਹਾਂ (ਸਰਟੀਫਿਕੇਟ ਦੀ ਕਾਪੀ ਨੱਥੀ ਹੈ)।

3. ਮੇਰਾ ਅਧਾਰ ਨੰ: .................................... ਹੈ (ਕਾਪੀ ਨੱਥੀ) ।

4. ਇਹ ਕਿ ਮੇਰਾ ਘਰੇਲੂ ਸ੍ਰੇਣੀ ਦਾ ਬਿਜਲੀ ਕੁਨੈਸ਼ਕਨ (ਖਾਤਾ ਨੰ: ..................................... ਮੇਰੇ ਨਾਮ ਤੇ ਹੈ)।

5. ਇਹ ਕਿ ਮੈਂ ਅਤੇ ਮੇਰੇ ਪਰਿਵਾਰ (ਪਰਿਵਾਰ ਦਾ ਇੱਥੇ ਮਤਲਬ ਹੈ ਕਿ ਇੱਕੋ ਹੀ ਘਰ ਜਿੱਥੇ ਮੁਫਤ ਬਿਜਲੀ ਦੀ ਸਹੂਲਤ ਲੈਣੀ ਹੈ ਉੱਥੇ ਰਹਿਣ ਵਾਲੇ ਪਰਿਵਾਰਕ ਮੈਂਬਰ) ਦੇ ਕਿਸੇ ਵੀ ਮੈਂਬਰ ਵੱਲੋਂ ਪਿੱਛਲੇ ਵਿੱਤੀ ਸਾਲ ਵਿੱਚ ਇਨਕਮ ਟੈਕਸ ਅਦਾ ਨਹੀ ਕੀਤਾ ਹੈ।

6. ਇਹ ਕਿ ਜਦੋਂ ਵੀ ਮੈਂ ਅਤੇ ਮੇਰੇ ਪਰਿਵਾਰ ਦਾ ਕੋਈ ਵੀ ਮੈਂਬਰ ਆਮਦਨ ਕਰ (Income Tax) ਦੇ ਦਾਇਰੇ ਵਿਚ ਆਵੇਗਾ/ਆਵੇਗੀ ਤਾਂ ਆਪਣੇ ਸਬੰਧਤ ਸੰਚਾਲਣ ਉਪ ਮੰਡਲ ਦਫਤਰ ਵਿਖੇ ਮੈ ਇਸਦੀ ਸੂਚਨਾਂ ਦੇਣੀ ਯਕੀਨੀ ਬਣਾਵਾਂਗਾਂ/ਬਣਾਵਾਂਗੀ ।

7. ਇਹ ਕਿ ਮੈਂ ਅਤੇ ਮੇਰੇ ਪਰਿਵਾਰ ਦਾ ਕੋਈ ਵੀ ਮੈਂਬਰ ਸਾਬਕਾ ਜਾਂ ਮੌਜੂਦਾ ਸੰਵਿਧਾਨਿਕ ਅਹੁੱਦੇ ਤੇ ਤੈਨਾਤ ਨਹੀਂ ਸੀ/ਨਹੀਂ ਹਾਂ ।

8. ਇਹ ਕਿ ਮੈਂ ਅਤੇ ਮੇਰੇ ਪਰਿਵਾਰ ਦਾ ਕੋਈ ਵੀ ਮੈਂਬਰ ਕਿਸੇ ਸਾਬਕਾ ਜਾਂ ਮੌਜੂਦਾ ਮੰਤਰੀ / ਰਾਜ ਮੰਤਰੀ ਜਾਂ ਲੋਕ ਸਭਾ/ਰਾਜ ਸਭਾ/ਰਾਜ ਵਿਧਾਨ ਸਭਾ/ਰਾਜ ਵਿਧਾਨ ਸਭਾ ਕੌਂਸਲ ਦਾ ਸਾਬਕਾ ਜਾਂ ਮੌਜੂਦਾ ਮੈਂਬਰ ਜਾਂ ਮਿਉਂਸਪਲ ਕਾਰਪੋਰੇਸ਼ਨਾਂ ਦਾ ਸਾਬਕਾ ਜਾਂ ਮੌਜੂਦਾ ਮੇਅਰ ਜਾ ਜਿਲ੍ਹਾ ਪੰਚਾਇਤਾਂ ਦਾ ਸਾਬਕਾ ਜਾਂ ਮੌਜੂਦਾ ਚੇਅਰਪਰਸਨ ਨਹੀਂ ਸੀ/ਨਹੀਂ ਹਾਂ।

9. ਇਹ ਕਿ ਮੈਂ ਅਤੇ ਮੇਰੇ ਪਰਿਵਾਰ ਦਾ ਕੋਈ ਵੀ ਮੈਂਬਰ ਕੇਂਦਰ/ਰਾਜ ਸਰਕਾਰ ਤੇ ਮੰਤਰਾਲਿਆਂ/ ਦਫਰਤਾਂ/ਵਿਭਾਗਾਂ ਅਤੇ ਇਸ ਦੀਆਂ ਫੀਲਡ ਇਕਾਈਆਂ, ਕੇਂਦਰੀ ਜਾਂ ਰਾਜ ਪੀ.ਐਸ.ਈਜ਼ (PSEs) ਅਤੇ ਸਰਕਾਰ ਅਧੀਨ ਸਬੰਧਤ ਦਫਤਰਾਂ/ਖੁੱਦ ਮੁਖਤਿਆਰ ਸੰਸਥਾਂਵਾਂ ਜਾਂ ਲੋਕਲ ਬਾਡੀਜ਼ ਦਾ ਰੈਗੂਲਰ ਕਰਮਚਾਰੀ ਨਹੀਂ ਸੀ/ਨਹੀਂ ਹਾਂ (ਮਲਟੀ-ਟਾਸਕਿੰਗ ਸਟਾਫ ਦਰਜਾ ਚਾਰਜ ਗਰੁੱਪ ਡੀ ਕਰਮਚਾਰੀਆਂ ਤੇ ਲਾਗੂ ਨਹੀ)।

10. ਇਹ ਕਿ ਮੇਰੀ ਪਰਿਵਾਰਿਕ ਮਹੀਨਾਵਾਰ ਪੈਨਸ਼ਨ 10 ਹਜ਼ਾਰ ਰੁਪਏ ਜਾਂ ਇਸ ਤੋਂ ਵੱਧ ਨਹੀ ਹੈ (ਮਲਟੀ-ਟਾਸਕਿੰਗ ਸਟਾਫ ਦਰਜਾ ਚਾਰਜ ਗਰੁੱਧ ਡੀ ਕਰਮਚਾਰੀਆਂ ਤੇ ਲਾਗੂ ਨਹੀ)।

11. ਇਹ ਕਿ ਮੈਂ ਅਤੇ ਮੇਰੇ ਪਰਿਵਾਰ ਦਾ ਕੋਈ ਵੀ ਮੈਂਬਰ ਕਿਸੇ ਪੇਸ਼ੇਵਰ ਸੰਸਥਾ ਨਾਲ ਪੰਜੀਕ੍ਰਿਤ ਪੇਸ਼ੇਵਰ ਜਿਵੇਂ ਕਿ ਡਾਕਟਰ, ਇੰਜੀਨੀਅਰ, ਵਕੀਲ, ਚਾਰਟਡ ਅਕਾਊਂਟੈਂਟ ਅਤੇ ਆਰਕੀਟੈਕਟ ਨਹੀ ਹਾਂ ਅਤੇ ਆਪਣੇ ਪੇਸ਼ੇ ਨੂੰ ਕਿੱਤੇ ਵੱਲੋਂ ਨਹੀ ਵਰਤ ਰਿਹਾ/ਰਹੀ ਹਾਂ।

12. ਇਹ ਕਿ ਜੇਕਰ ਭਵਿੱਖ ਵਿੱਚ ਮੈਂ ਉਪਰੋਕਤ ਸ਼ਰਤਾਂ (ਲੜੀ ਨੰ: 1 ਤੋਂ 11) ਨੂੰ ਪੂਰੀਆਂ ਕਰਦਾ ਨਹੀਂ ਰਹਾਂਗਾਂ/ਨਹੀਂ ਰਹਾਂਗੀ ਤਾਂ ਮੈ ਇਸ ਬਾਬਤ ਤੁਰੰਤ ਪੀ.ਐਸ.ਪੀ.ਸੀ.ਐਲ ਦੇ ਸਬੰਧਤ ਸੰਚਾਲਣ ਦਫਤਰ ਨੂੰ ਸੂਚਿਤ ਕਰਨ ਦਾ ਪਾਬੰਦ ਹੋਵਾਂਗਾ/ਹੋਵਾਂਗੀ।

ਜੇਕਰ ਮੇਰੇ ਵੱਲੋਂ ਉਪਰੋਕਤ ਦਿੱਤੀ ਸਵੈ-ਘੋਸ਼ਣਾ ਗਲਤ ਪਾਈ ਜਾਂਦੀ ਹੈ ਤਾਂ ਪੀ.ਐਸ.ਪੀ.ਸੀ.ਐਲ/ ਪੰਜਾਬ ਸਰਕਾਰ ਨੂੰ ਪ੍ਰਚਲਿਤ ਹਦਾਇਤਾਂ ਅਨੁਸਾਰ ਮੇਰੇ ਖਿਲਾਫ ਕਾਰਵਾਈ ਕਰਨ ਦਾ ਅਧਿਕਾਰ ਹੋਵੇਗਾ।

ਖਪਤਕਾਰ ਦੇ ਹਸਤਾਖਰ

ਨਾਮ ਅਤੇ ਪਤਾ ..............................

ਮੋਬਾਇਲ ਨੰਬਰ ..............................

ਈਮੇਲ: ..............................

Scanned with CamScanner